Vigilance Bureau, Punjab
Vigilance Bhawan, Sector 68, S.A.S.Nagar
Phone: 2217100-200 (Control Room & Fax)

ਵਿਜੀਲੈਂਸ ਬਿਊਰੋ, ਪੰਜਾਬ
ਵਿਜੀਲੈਂਸ ਭਵਨ, ਸੈਕਟਰ 68, ਐਸ.ਏ.ਐਸ.ਨਗਰ
ਫੋਨ: 2217100-200 (ਕੰਟਰੋਲ ਰੂਮ ਅਤੇ ਫੈਕਸ)

## ਹੁਕਮ

ਇਸ ਦਫਤਰ ਦੇ ਪੱਤਰ ਨੰਬਰ 33055-61/ਵਬ/ਐਸ-1 ਮਿਤੀ 12.10.2021 ਰਾਹੀਂ ਪ੍ਰੀਵੈਂਟਿਵ ਵਿਜੀਲੈਂਸ ਸੈਲ (Preventive Vigilance Cell) ਬਣਾਇਆ ਗਿਆ ਹੈ। ਜਿਸ ਨੂੰ ਹੇਠ ਲਿਖੇ ਕੰਮ ਸੌਂਪੇ ਜਾਂਦੇ ਹਨ :-

1. ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਲੋਂ ਕੰਮ ਸ਼ੁਰੂ ਕਰਨ ਤੇ ਉਨ੍ਹਾਂ ਦੇ ਵਿਭਾਗ ਵਲੋਂ ਜੋ ਸਿਟੀਜਨ ਇੰਨਫਰਮੇਸ਼ਨ ਬੋਰਡ (Citizen Information Board) ਲਗਾਏ ਜਾਣਗੇ। ਉੱਥੇ ਚੱਲ ਰਹੇ ਕੰਮ ਵਿੱਚ ਕਮੀਆਂ/ਤਰੁੱਟੀਆ ਸਬੰਧੀ ਸੂਚਨਾਂ ਜੇਕਰ ਆਮ ਜਨਤਾ ਵਲੋਂ ਵਿਜੀਲੈਂਸ ਬਿਊਰੋ ਦੇ ਟੋਲਫਰੀ ਨੰਬਰ 1800-1800-1000 ਤੇ ਜਾਂ ਵਿਜੀਲੈਂਸ ਬਿਊਰੋ ਦੀ ਈ-ਮੇਲ **complaint2vb@punjab.gov.in** ਤੇ ਦਿੱਤੀ ਜਾਂਦੀ ਹੈ ਤਾਂ ਇਹ ਸੈਲ ਉਸ ਸੂਚਨਾਂ ਤੇ ਉੱਚ ਅਫਸਰਾਂ ਪਾਸੋਂ ਪ੍ਰਵਾਨਗੀ ਲੈਣ ਉਪਰੰਤ ਤੁਰੰਤ ਜਿੱਥੇ ਕੰਮ ਚੱਲ ਰਿਹਾ ਹੈ, ਉੱਥੇ ਦੀ ਵਿਜੀਲੈਂਸ ਬਿਊਰੋ ਰੇਂਜ ਨੂੰ ਚੈਕਿੰਗ ਕਰਨ ਲਈ ਸੂਚਿਤ ਕਰੇਗੀ। ਸਬੰਧਤ ਰੇਂਜ ਵਲੋਂ ਤੁਰੰਤ ਕਾਰਵਾਈ ਕਰਨ ਉਪਰੰਤ ਇਸ ਦੀ ਸਟੇਟਸ ਰਿਪੋਰਟ ਇਸ ਦਫਤਰ ਵਿੱਚ ਭੇਜੀ ਜਾਵੇਗੀ।
2. ਮੁਦੱਈ ਵਲੋਂ ਉਸ ਦਾ ਕੰਮ ਕਰਨ ਬਦਲੇ ਜਦੋਂ ਕਿਸੇ ਵਿਭਾਗ ਦੇ ਅਧਿਕਾਰੀ/ਕਰਮਚਾਰੀ ਵਲੋਂ ਉਸ ਪਾਸੋਂ ਰਿਸ਼ਵਤ ਦੀ ਮੰਗ ਕੀਤੀ ਜਾਂਦੀ ਹੈ ਤਾਂ ਮੁਦੱਈ ਉਸ ਅਧਿਕਾਰੀ/ਕਰਮਚਾਰੀ ਤੇ ਵਿਜੀਲੈਂਸ ਬਿਊਰੋ ਵਲੋਂ ਟਰੈਪ ਕਰਵਾਉਂਦਾ ਹੈ। ਟਰੈਪ ਤਾਂ ਲੱਗ ਜਾਂਦਾ ਹੈ ਪਰੰਤੂ ਜਿਸ ਕੰਮ ਕਰਵਾਉਣ ਵਾਸਤੇ ਮੁਦੱਈ ਵਲੋਂ ਟਰੈਪ ਲਗਵਾਇਆ ਗਿਆ ਹੈ। ਉਸ ਦਾ ਉਹ ਕੰਮ ਹੋਇਆ ਹੈ ਜਾਂ ਨਹੀ ਜਾਂ ਉਹ ਕੰਮ ਕਿਉਂ ਨਹੀ ਹੋਇਆ ਸਬੰਧੀ ਮੁਦੱਈ ਵਲੋਂ ਦਰਖਾਸਤ ਦੇਣ ਉਪਰੰਤ ਇਹ ਯੂਨਿਟ ਉੱਚ ਅਫਸਰਾਂ ਪਾਸੋਂ ਪ੍ਰਵਾਨਗੀ ਲੈਣ ਉਪਰੰਤ ਲੀਗਲ ਸ਼ਾਖਾ, ਵਬ ਦੀ ਰਾਇ ਹਾਸਿਲ ਕਰਨ ਉਪਰੰਤ ਜੋ ਵੀ ਕਾਰਵਾਈ ਕਰਨੀ ਉਚਿਤ ਹੋਵੇਗੀ ਉਸ ਨੂੰ ਪਹਿਲ ਦੇ ਅਧਾਰ ਤੇ ਕਰਵਾਏਗੀ। ਇਸ ਮੰਤਵ ਲਈ ਪਿੱਛਲੇ ਇੱਕ ਸਾਲ ਵਿੱਚ ਹੋਏ ਟਰੈਪ ਕੇਸਾਂ ਦੇ ਮੁਦੱਈਆਂ ਦੇ ਕੰਮਾਂ ਦੀ ਸਟੇਟਸ ਰਿਪੋਰਟ ਅਤੇ ਪਿੱਛਲੇ ਪੰਜ ਸਾਲਾਂ ਦੇ 25 ਟਰੈਪ ਕੇਸਾ ਦੀ ਸਟੇਟਸ ਰਿਪੋਰਟ ਵਿਜੀਲੈਂਸ ਬਿਊਰੋ ਦੀ ਰੇਂਜਾਂ ਪਾਸੋਂ ਉਪਲੱਬਧ ਹੋਣ ਉਪਰੰਤ ਤਿਆਰ ਕਰੇਗੀ।
3. ਵਿਜੀਲੈਂਸ ਜਾਗਰੂਕਤਾ ਹਫਤਾ ਜੋ ਹਰ ਸਾਲ ਅਕਤੂਬਰ ਦੇ ਮਹੀਨੇ ਵਿੱਚ ਮਨਾਇਆ ਜਾਂਦਾ ਹੈ। ਇਸ ਸਾਲ ਇਹ ਜਾਗਰੂਕਤਾ ਹਫਤਾ ਮਿਤੀ 26.10.2021 ਤੋਂ 01.11.2021 ਤੱਕ With the theme "ਸੁਤੰਤਰ ਭਾਰਤ@75 ਇਮਾਨਦਾਰੀ ਨਾਲ ਸਵੈ ਨਿਰਭਰਤਾ– Independent India@75 self Reliance with integrity" ਨਾਲ ਮਨਾਇਆ ਜਾ ਰਿਹਾ ਹੈ। ਇਹ ਸੈਲ ਵਿਜੀਲੈਂਸ ਜਾਗਰੂਕਤਾ ਹਫਤਾ ਦੀ ਰੂਪ ਰੇਖਾ (Outline) ਸਮੂਹ ਵਿਜੀਲੈਂਸ ਬਿਊਰੋ ਦੀਆ ਰੇਂਜਾਂ ਨਾਲ ਤਾਲਮੇਲ ਕਰਕੇ ਤਿਆਰ ਕਰੇਗਾ।

ਪ੍ਰੀਵੈਂਟਿਵ ਵਿਜੀਲੈਂਸ ਸੈਲ (Preventive Vigilance Cell) ਦੇ ਕੰਮਾਂ ਦਾ ਸਟੈਂਡਿੰਗ ਆਰਡਰ ਬਾਅਦ ਵਿੱਚ ਜਾਰੀ ਕੀਤਾ ਜਾਵੇਗਾ।

ਸਹੀ/-
(ਐਲ.ਕੇ ਯਾਦਵ), ਆਈ.ਪੀ.ਐਸ,
ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ, ਪੰਜਾਬ।

ਨੰਬਰ 33247-68 /ਵਬ/ਐਸ-3, ਮਿਤੀ 14/10/21

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸੰਯੁਕਤ ਡਾਇਰੈਕਟਰ, ਪ੍ਰਸ਼ਾਸ਼ਨ, ਵਿਜੀਲੈਂਸ ਬਿਊਰੋ, ਪੰਜਾਬ।
2. ਸੰਯੁਕਤ ਡਾਇਰੈਕਟਰ, ਕਰਾਈਮ, ਵਿਜੀਲੈਂਸ ਬਿਊਰੋ, ਪੰਜਾਬ।
3. ਸੰਯੁਕਤ ਡਾਇਰੈਕਟਰ, ਸ਼ਿਕਾਇਤ ਸੈਲ, ਵਿਜੀਲੈਂਸ ਬਿਊਰੋ, ਪੰਜਾਬ।
4. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਫਸ, ਪੰਜਾਬ ਐਟ ਮੋਹਾਲੀ।
5. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਅ.ਅ ਸ਼ਾਖਾ, ਪੰਜਾਬ ਐਟ ਮੋਹਾਲੀ।
6. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਰੂਪਨਗਰ ਐਸ.ਏ.ਐਸ.ਨਗਰ, ਪਟਿਆਲਾ, ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਫਿਰੋਜਪੁਰ ਅਤੇ ਬਠਿੰਡਾ।
7. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਆਰਥਿਕ ਅਪਰਾਧ ਸ਼ਾਖਾ ਲੁਧਿਆਣਾ।
8. ਕਾਰਜਕਾਰੀ ਇੰਜੀਨੀਅਰ, ਟੈਕਨੀਕਲ ਟੀਮ-1, ਵਿਜੀਲੈਂਸ ਬਿਊਰੋ, ਪੰਜਾਬ।
9. ਸ਼੍ਰੀ ਅੰਮ੍ਰਿਤਪਾਲ ਸਿੰਘ, ਐਸ.ਡੀ.ਓ, ਟੈਕਨੀਕਲ ਟੀਮ-1, ਵਿਜੀਲੈਂਸ ਬਿਊਰੋ, ਪੰਜਾਬ।
10. ਰੀਡਰ ਟੂ ਮੁੱਖ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ, ਐਸ.ਏ.ਐਸ.ਨਗਰ।
11. ਰੀਡਰ ਟੂ ਏ.ਡੀ.ਜੀ.ਪੀ, ਵਿਜੀਲੈਂਸ ਬਿਊਰੋ, ਅ.ਅ ਸ਼ਾਖਾ, ਪੰਜਾਬ,ਐਸ.ਏ.ਐਸ.ਨਗਰ।
12. ਰੀਡਰ ਟੂ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ,ਐਸ.ਏ.ਐਸ.ਨਗਰ।
13. ਸੁਪਰਡੰਟ ਕਰਾਈਮ-1 ਅਤੇ 2, ਵਿਜੀਲੈਂਸ ਬਿਊਰੋ, ਪੰਜਾਬ,ਐਸ.ਏ.ਐਸ.ਨਗਰ।
14. ਸੁਪਰਡੰਟ (ਕੰਪਲੇਂਟਸ ਸੈਲ), ਵਿਜੀਲੈਂਸ ਬਿਊਰੋ, ਪੰਜਾਬ, ਐਸ.ਏ.ਐਸ.ਨਗਰ।
15. ਇੰਚਾਰਜ ਕੰਟਰੋਲ ਰੂਮ, ਵਿਜੀਲੈਂਸ ਬਿਊਰੋ, ਪੰਜਾਬ, ਐਸ.ਏ.ਐਸ.ਨਗਰ।
16. ਇੰਚਾਰਜ ਡਬਲਿਊ.ਐਮ.ਸੀ, ਵਿਜੀਲੈਂਸ ਬਿਊਰੋ, ਪੰਜਾਬ, ਐਸ.ਏ.ਐਸ.ਨਗਰ।

14/10/21
(ਕੁਲਦੀਪ ਗੌਤਮ),
ਸੁਪਰਡੰਟ/ਐਡਮਨ,
ਵਾ: ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ,ਪੰਜਾਬ।